# ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ

ਐਸ.ਸੀ.ਓ 104-106 , ਦੂਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ
ਫੋਨ ਨੰ: 0172-5015865, ਫੈਕਸ ਨੰ: 0172-2624687 ਈ.ਮੇਲ dgsepunjab18@gmail.com

ਵੱਲ,

ਸਮੂਹ ਜ਼ਿਲਾ ਸਿੱਖਿਆ ਅਫਸਰ (ਸੈ:ਸਿ) ਪੰਜਾਬ,
ਸਮੂਹ ਜ਼ਿਲਾ ਸਿੱਖਿਆ ਅਫਸਰ (ਐ:ਸਿ) ਪੰਜਾਬ,
ਸਮੂਹ ਸਕੂਲ ਮੁਖੀ ਪੰਜਾਬ (ਵੈਬਸਾਈਟ ਰਾਹੀਂ)

ਮੀਮੋ ਨੰ: ਡੀ.ਜੀ.ਐਸ.ਈ/2013/੫੮੪੮
ਮਿਤੀ: 04.03.2013

**ਵਿਸ਼ਾ :-** **ਰਾਜ ਦੇ ਸਕੂਲਾਂ ਵਿੱਚ ਪੰਚਾਇਤਾਂ, ਅਧਿਆਪਕਾਂ ਅਤੇ ਦਾਨੀ ਸੱਜਣਾਂ ਵੱਲੋਂ ਦਿੱਤੀ ਜਾ ਰਹੀ ਰਕਮ ਨਾਲ 'ਸਕੂਲ ਭਲਾਈ ਫੰਡ' ਚਲਾਉਣ ਬਾਰੇ।**

---

ਉਪਰੋਕਤ ਵਿਸ਼ੇ ਸੰਬੰਧੀ ਇਸ ਦਫਤਰ ਦੇ ਪੱਤਰ ਨੰ: ਸਸਅ/2012/ਐਡਮਨ/83660 ਮਿਤੀ 14.08.2012 ਅਤੇ ਪੱਤਰ ਨੰ: ਸ.ਸ.ਅ/2012/90653 ਮਿਤੀ 19.12.12 ਦੇ ਹਵਾਲੇ ਵਿੱਚ।

2. ਵਿਸ਼ੇ ਦੇ ਸੰਬੰਧ ਵਿੱਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਬਹੁਤ ਸਾਰੇ ਸਕੂਲ ਮੁਖੀਆਂ ਵੱਲੋਂ ਪੁੱਛਿਆ ਗਿਆ ਸੀ ਕਿ ਦਾਨੀ ਸੱਜਣਾਂ ਵੱਲੋਂ ਸਕੂਲ ਦੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਅਤੇ ਲੋੜਵੰਦ ਵਿਦਿਆਰਥੀਆਂ ਲਈ ਵਰਦੀਆਂ, ਫਰਨੀਚਰ ਆਦਿ ਦੇ ਮਾਮਲੇ ਵਿੱਚ ਸਹਾਇਤਾ ਲਈ ਜੋ ਰਾਸ਼ੀ ਦਿੱਤੀ ਜਾਂਦੀ ਹੈ ਉਸ ਨੂੰ ਕਿਹੜੇ ਖਾਤੇ ਵਿੱਚ ਜਮ੍ਹਾਂ ਕਰਵਾਇਆ ਜਾਵੇ। ਇਸ ਮੰਤਵ ਲਈ ਸਕੂਲ ਪੱਧਰ ਤੇ **'ਸਕੂਲ ਭਲਾਈ ਫੰਡ'** ਦੀ ਸਥਾਪਨਾ ਕਰਨ ਲਈ ਲਿਖਿਆ ਗਿਆ ਸੀ ਅਤੇ ਇਸ ਸੰਬੰਧ ਵਿੱਚ ਬੈਂਕ ਵਿੱਚ ਖਾਤੇ ਖੋਲ੍ਹਣ ਬਾਰੇ ਵੀ ਲਿਖਿਆ ਗਿਆ ਸੀ ।

3. ਉਪਰੋਕਤ ਕਾਰਵਾਈ ਤੋਂ ਉਤਸਾਹਿਤ ਹੋਕੇ ਬਹੁਤ ਸਾਰੇ ਅਧਿਆਪਕਾਂ ਅਤੇ ਦਾਨੀ ਸੱਜਣਾਂ ਵੱਲੋਂ ਉਦਾਰਤਾ ਨਾਲ ਦਾਨ ਦਿੱਤਾ ਜਾ ਰਿਹਾ ਹੈ ਜਿਸ ਨਾਲ ਸਕੂਲਾਂ ਦੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਅਤੇ ਲੋੜਵੰਦ ਵਿਦਿਆਰਥੀਆਂ ਦੀ ਸਹਾਇਤਾ ਅਤੇ ਸਕੂਲਾਂ ਦੀ ਬੇਹਤਰੀ ਲਈ ਕੰਮ ਕੀਤਾ ਜਾ ਰਿਹਾ ਹੈ। ਇਸ ਮੰਤਵ ਲਈ ਕਈ ਦਾਨੀ ਸੱਜਣਾਂ ਵੱਲੋਂ 25-25 ਲੱਖ ਰੁ: ਵੀ **'ਸਕੂਲ ਭਲਾਈ ਫੰਡ'** ਲਈ ਦਿੱਤੇ ਗਏ ਹਨ। ਅਜਿਹੇ ਦਾਨੀ ਸੱਜਣਾਂ ਦੇ ਨਾਮ ਵਿਭਾਗ ਦੀ ਵੈਬਸਾਈਟ **www.ssapunjab.org** ਤੇ ਪਾਏ ਜਾ ਰਹੇ ਹਨ। ਇਸ ਲਈ ਆਪ ਨੂੰ ਲਿਖਿਆ ਜਾਂਦਾ ਹੈ ਕਿ ਅਜਿਹੇ ਦਾਨੀ ਸੱਜਣਾਂ, ਜਿਨ੍ਹਾਂ ਨੇ 10,000/- ਰੁ: ਤੋਂ ਵੱਧ ਦਾ ਯੋਗਦਾਨ ਪਾਇਆ ਹੈ, ਦਾ ਵੇਰਵਾ ਨਿਮਨਲਿਖਤ ਪ੍ਰੋਫਾਰਮੇ ਵਿੱਚ ਜਲਦੀ ਤੋਂ ਜਲਦੀ ਇਸ ਦਫਤਰ ਨੂੰ ਈ.ਮੇਲ: **dgsepunjab18@gmail.com** ਤੇ ਭੇਜਿਆ ਜਾਵੇ ਤਾਂ ਜੋ ਇਸ ਵੇਰਵੇ ਨੂੰ ਵੈਬਸਾਈਟ ਤੇ ਪਾਇਆ ਜਾ ਸਕੇ। ਜੇਕਰ ਕਿਸੇ ਸੱਜਣ ਨੇ ਸਕੂਲ ਲਈ ਕੋਈ ਸਮਾਨ/ਵਰਦੀਆਂ ਵਗੈਰਾ ਦਿਤਾ ਹੈ ਜਿਸ ਦੀ ਕੀਮਤ 10,000/- ਰੁ: ਤੋਂ ਵੱਧ ਹੈ ਉਸ ਦਾ ਵੇਰਵਾ ਦਿੰਦੇ ਹੋਏ ਵਿਸ਼ੇਸ਼ ਕਥਨ ਵਾਲੇ ਖਾਨੇ ਵਿਚੋ ਦਰਜ ਕੀਤਾ ਜਾਵੇ -

| ਲੜੀ ਨੰ: | ਸਕੂਲ ਦਾ ਨਾਮ ਅਤੇ ਜ਼ਿਲਾ | ਦਾਨੀ ਸੱਜਣ ਦਾ ਨਾਮ ਅਤੇ ਪਤਾ | ਜਮ੍ਹਾਂ ਕਰਵਾਈ ਗਈ ਰਾਸ਼ੀ ਅਤੇ ਮਿਤੀ | ਵਿਸ਼ੇਸ਼ ਕਥਨ ਜੇ ਕੋਈ ਹੋਣ |
| --- | --- | --- | --- | --- |
| | | | | |

4. ਆਪ ਨੂੰ ਇਹ ਵੀ ਲਿਖਿਆ ਜਾਂਦਾ ਹੈ ਕਿ ਜਿਨ੍ਹਾਂ ਦਾਨੀ ਸੱਜਣਾਂ ਵੱਲੋਂ 50,000/- ਰੁ: ਜਾਂ ਇਸਤੋਂ ਵੱਧ ਰਾਸ਼ੀ ਦਿੱਤੀ ਗਈ ਹੋਵੇ ਉਨ੍ਹਾਂ ਦੀ ਪਾਸਪੋਰਟ ਸਾਈਜ਼ ਫੋਟੋ ਵੀ, ਜੇਕਰ ਉਪਲਭਦ ਹੋਵੇ, ਨਾਲ ਮੁਹੱਈਆ ਕਰਵਾਈ ਜਾਵੇ ।

**ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ**